# ਨਗਰ ਨਿਗਮ ਜਲੰਧਰ

ਵਲੋਂ

ਕਮਿਸ਼ਨਰ,
ਨਗਰ ਨਿਗਮ, ਜਲੰਧਰ।

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਪੰਜਾਬ ਮਿਉਂਸੀਪਲ ਭਵਨ, ਪਲਾਟ ਨੰ: 3,
ਫਲੋਰ-3, ਸੈਕਟਰ-35-ਏ,
ਚੰਡੀਗੜ੍ਹ ।

ਪੱਤਰ ਨੰਬਰ : 674 /ਅਜੰਡਾ/ਗੋਰਮਿੰਟ

ਮਿਤੀ, ਜਲੰਧਰ : 19-7-2022

**ਵਿਸ਼ਾ:-** **ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 13-07-2022 ਨੂੰ "ਰੈਡ ਕਰਾਸ ਭਵਨ", ਜਲੰਧਰ ਵਿਖੇ ਹੋਈ, ਦੀ ਕਾਰਵਾਈ ।**

ਉਪਰੋਕਤ ਵਿਸ਼ੇ ਸਬੰਧੀ ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 13-07-2022 ਨੂੰ "ਰੈਡ ਕਰਾਸ ਭਵਨ", ਜਲੰਧਰ ਵਿਖੇ ਹੋਈ । ਮੀਟਿੰਗ ਦੌਰਾਨ ਹੋਈ ਕਾਰਵਾਈ ਆਪ ਜੀ ਨੂੰ ਪੰਜਾਬ ਮਿਉਂਸਪਲ ਕਾਰਪੋਰੇਸਨ ਐਕਟ, 1976 ਦੀ ਧਾਰਾ-69-(1) ਅਧੀਨ ਸੂਚਨਾ ਅਤੇ ਲੋੜੀਦੀਂ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

**ਨੱਥੀ:** ਉਕਤ ਅਨੁਸਾਰ

ਸਕੱਤਰ
ਵਾਸਤੇ ਕਮਿਸਨਰ
ਨਗਰ ਨਿਗਮ, ਜਲੰਧਰ

# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੁਲਤਵੀ ਸ਼ੁਦਾ ਮੀਟਿੰਗ
# ਮਿਤੀ 13-7-2022
# ਦੀ ਕਾਰਵਾਈ

## ਨਗਰ ਨਿਗਮ ਜਲੰਧਰ ਹਾਊਸ ਦੀ ਮੁਲਤਵੀਸ਼ੁਦਾ ਮੀਟਿੰਗ ਮਿਤੀ 13.7.2022 ਨੂੰ ਹੋਈ ਦੀ ਕਾਰਵਾਈ ।

ਮਿਤੀ 13.7.2022 ਨੂੰ ਨਗਰ ਨਿਗਮ ਹਾਊਸ ਦੀ ਮੁਲਤਵੀ ਸ਼ੁਦਾ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ "ਰੈਡ ਕਰਾਸ ਭਵਨ", ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ |
|---|---|---|
| 1. | 48 | ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 2 | ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 4. | 6 | ਸ਼੍ਰੀ ਨਿਰਮਲ ਸਿੰਘ, ਕੌਂਸਲਰ |
| 5. | 8 | ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ |
| 6. | 9 | ਸ੍ਰੀਮਤੀ ਮਨਦੀਪ ਕੌਰ, ਕੌਂਸਲਰ |
| 7. | 10 | ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 8. | 11 | ਸ੍ਰੀਮਤੀ ਪ੍ਰਵੀਨਾ, ਕੌਂਸਲਰ |
| 9. | 15 | ਸ੍ਰੀਮਤੀ ਡੋਲੀ, ਕੌਂਸਲਰ |
| 10. | 17 | ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 11. | 18 | ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ |
| 12. | 20 | ਸ੍ਰੀਮਤੀ ਜ਼ਸਲੀਨ ਕੌਰ ਸੇਠੀ, ਕੌਂਸਲਰ |
| 13. | 21 | ਸ੍ਰੀਮਤੀ ਮਨਜੀਤ ਕੌਰ, ਕੌਂਸਲਰ |
| 14. | 22 | ਸ਼੍ਰੀ ਪ੍ਰੱਭਦਿਆਲ, ਕੌਂਸਲਰ |
| 15. | 24 | ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 16. | 25 | ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ |
| 17. | 29 | ਸ੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ |
| 18. | 30 | ਸ਼੍ਰੀ ਪਵਨ ਕੁਮਾਰ, ਕੌਂਸਲਰ |
| 19. | 34 | ਸ਼੍ਰੀ ਤਰਸੇਮ ਸਿੰਘ, ਕੌਂਸਲਰ |
| 20. | 36 | ਸ਼੍ਰੀ ਬਚਨ ਲਾਲ, ਕੌਂਸਲਰ |
| 21. | 45 | ਸ਼੍ਰੀਮਤੀ ਜ਼ਸਪਾਲ ਕੌਰ, ਕੌਂਸਲਰ |
| 22. | 51 | ਸ੍ਰੀਮਤੀ ਰਾਧਿਕਾ ਪਾਠਕ, ਕੌਂਸਲਰ |
| 23. | 52 | ਸ੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ |
| 24. | 58 | ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ |
| 25. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 26. | 65 | ਸ਼੍ਰੀਮਤੀ ਅੰਜਲੀ, ਕੌਂਸਲਰ |
| 27. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 28. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ |
| 29. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ |
| 30. | 76 | ਸ਼੍ਰੀ ਲਖਵੀਰ ਸਿੰਘ, ਕੌਂਸਲਰ |
| 31. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |

ਕੁਲ ਹਾਜ਼ਰ ਮੈਂਬਰ: 31

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
13.7.2022

ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਕਮਿਸ਼ਨਰ, ਸੰਯੁਕਤ ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ, ਜਿਹਨਾਂ ਵਿੱਚ ਜਥੇਦਾਰ ਪ੍ਰੀਤਮ ਸਿੰਘ, ਸਾਬਕਾ ਕੌਂਸਲਰ ਜੀ ਹਨ।

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।

ਉਹਨਾਂ ਪ੍ਰਤੀ ਖੜੇ ਹੋ ਕੇ ਦੋਂ ਮਿੰਟ ਦਾ ਮੋਨ ਧਾਰਨ ਕਰੀਏ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
13.7.2022

ਮੀਟਿੰਗ ਸੁਰੂ ਹੋਣ ਤੇ ਮੇਅਰ ਜੀ ਨੇ ਸਭ ਤੋਂ ਪਹਿਲਾਂ ਨਗਰ ਨਿਗਮ ਜਲੰਧਰ ਵਿਖੇ ਨਵੇਂ ਆਏ ਕਮਿਸ਼ਨਰ ਸ੍ਰੀ ਦਵਿੰਦਰ ਸਿੰਘ, ਆਈ.ਏ.ਐਸ. ਜੀ ਨੂੰ ਸਮੂਹ ਹਾਊਸ ਦੇ ਰੂਬਰੂਹ ਕਰਦੇ ਹੋਏ ਜੀ ਆਇਆ ਆਖਿਆ। ਉਹਨਾਂ ਸੰਯੁਕਤ ਕਮਿਸ਼ਨਰ (ਆਰ) ਨੂੰ ਕਿਹਾ ਕਿ ਪਿਛਲੀ ਮੀਟਿੰਗ ਵਿੱਚ ਨਗਰ ਨਿਗਮ ਦੇ ਕੁਝ ਅਫ਼ਸਰ ਅਤੇ ਸਮਾਰਟ ਸਿਟੀ ਦੇ ਅਫਸਰ ਹਾਜ਼ਰ ਨਹੀਂ ਹੋਏ ਸੀ । ਕੀ ਤੁਸੀਂ ਉਹਨਾਂ ਨੂੰ ਇਸ ਬਾਰੇ ਪੱਤਰ ਭੇਜਿਆ ਹੈ ।

ਸੰਯੁਕਤ ਕਮਿਸ਼ਨਰ (ਆਰ) ਨੇ ਜਵਾਬ ਦਿੰਦਿਆਂ ਕਿਹਾ ਕਿ ਸਾਰਿਆਂ ਨੂੰ ਲਿਖ਼ਤ ਰੂਪ ਵਿੱਚ ਨੋਟਿਸ ਜਾਰੀ ਕਰਵਾ ਦਿੱਤਾ ਗਿਆ ਸੀ ।

ਮੇਅਰ ਜੀ ਨੇ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਐਲ.ਈ.ਡੀ. ਲਾਈਟਾਂ ਸਬੰਧੀ ਪਿਛਲੀ ਮੀਟਿੰਗ ਵਿੱਚ ਗਠਤ ਕਮੇਟੀ ਨੂੰ ਆਪਣੀ ਰਿਪੋਰਟ ਦੇਣ ਲਈ ਕਿਹਾ ।

ਸ੍ਰੀ ਬਚਨ ਲਾਲ ਨੇ ਸਭ ਤੋਂ ਪਹਿਲਾਂ ਨਵੇਂ ਆਏ ਕਮਿਸ਼ਨਰ ਜੀ ਨੂੰ ਜੀ ਆਇਆਂ ਆਖ਼ਦੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਸ਼ਹਿਰ ਦੀਆਂ ਸਮੱਸਿਆਵਾਂ ਸਬੰਧੀ ਅਧਿਕਾਰੀਆਂ ਅਤੇ ਕੌਂਸਲਰਾਂ ਦੀ ਸਹਿਮਤੀ ਨਾਲ ਹਲ ਕਰਨਗੇ । ਫਿਰ ਉਹਨਾਂ ਕਿਹਾ ਕਿ ਕਮੇਟੀ ਦੀ ਰਿਪੋਰਟ ਤਿਆਰ ਹੈ ਅਤੇ ਪੇਸ਼ ਕਰਦੇ ਹਾਂ । ਇਸ ਉਪਰੰਤ ਹਾਊਸ ਵਲੋਂ ਗਠਤ 8 ਮੈਂਬਰੀ ਕਮੇਟੀ ਨੇ ਮੰਚ ਤੇ ਆ ਕੇ ਮੇਅਰ ਜੀ ਅਤੇ ਕਮਿਸ਼ਨਰ ਜੀ ਨੂੰ ਸੰਯੁਕਤ ਰੂਪ ਵਿੱਚ ਇਹ ਰਿਪੋਰਟ ਸੌਂਪੀ ।

ਮੇਅਰ ਜੀ ਨੇ ਰਿਪੋਰਟ ਹਾਊਸ ਨੂੰ ਪੜ ਕੇ ਸੁਣਾਉਣ ਦੇ ਆਦੇਸ਼ ਦਿੱਤੇ ਅਤੇ ਇਹ ਰਿਪੋਰਟ ਪੜੀ ਗਈ, **ਜੋ ਕਿ ਨਾਲ ਨੱਥੀ ਹੈ** ।

ਮੇਅਰ ਜੀ ਨੇ ਕਿਹਾ ਕਿ ਇਹ ਰਿਪੋਰਟ ਸਮੂਹ ਕੌਂਸਲਰਾਂ ਨੂੰ ਭੇਜਣ ਦੇ ਹੁਕਮ ਕੀਤੇ ।

ਸ੍ਰੀ ਬਚਨ ਲਾਲ ਨੇ ਕਿਹਾ ਕਿ ਕਮੇਟੀ ਦੀ ਜਾਂਚ ਦੋ ਮੀਟਿੰਗਾਂ ਮਿਤੀ 4.7.2022 ਅਤੇ 5.7.2022 ਨੂੰ ਕਰਕੇ ਇਹ ਜਾਂਚ ਕੰਪਲੀਟ ਕੀਤੀ ਅਤੇ ਜਾਂਚ ਦੌਰਾਨ ਮਿਤੀ 5.7.2022 ਨੂੰ ਪੁਰਾਣੀਆਂ ਲਾਈਟਾਂ ਸਬੰਧੀ ਨਗਰ ਨਿਗਮ ਦੇ ਖ਼ਜਾਨੇ ਵਿੱਚ 9 ਲੱਖ ਰੁਪਏ ਜਮ੍ਹਾਂ ਕਰਵਾਏ ਗਏ ।

ਮੇਅਰ ਜੀ ਨੇ ਕਿਹਾ ਕਿ ਤਕਰੀਬਨ ਇਸ ਦੇ 30 ਲੱਖ ਰੁਪਏ ਜਮ੍ਹਾਂ ਹੋਏ ਹਨ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ ਨੇ ਕਿਹਾ ਕਿ ਮਿਤੀ 31.5.2022 ਨੂੰ ਇਹ ਪ੍ਰੋਜੈਕਟ ਖ਼ਤਮ ਹੋਣਾ ਸੀ । ਕੰਪਨੀ ਨੂੰ ਜੁਰਮਾਨਾ ਕਿਓਂ ਨਹੀਂ ਲਗਾਇਆ ਗਿਆ ।

ਸ੍ਰੀ ਦਵਿੰਦਰ ਸਿੰਘ ਰੋਨੀ ਨੇ ਕਿਹਾ ਕਿ ਤਿੰਨ ਵਾਰ ਮੀਟਿੰਗਾਂ ਕੀਤੀਆਂ ਗਈਆਂ ਪਰ ਕੋਈ ਜਵਾਬ ਨਹੀਂ ਦਿੱਤਾ ਗਿਆ । ਕਿਸੇ ਵੀ ਅਧਿਕਾਰੀ ਵਲੋਂ ਇੱਕ ਵੀ ਤਸੱਲਬਖ਼ਸ਼ ਜਵਾਬ ਨਹੀਂ ਦਿੱਤਾ ਗਿਆ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ ਨੇ ਕਿਹਾ ਕਿ 8 ਮੈਂਬਰੀ ਕਮੇਟੀ ਨੇ ਆਪਣੀ ਰਿਪੋਰਟ ਤੁਹਾਨੂੰ ਦੇ ਦਿੱਤੀ ਹੈ। ਤੁਸੀਂ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਮੈਂਬਰ ਹੋ ਅਤੇ ਕਮਿਸ਼ਨਰ ਜੀ ਸੀ.ਈ.ਓ. ਹਨ । ਹੁਣ ਤੁਸੀਂ ਕਿਸੇ ਸਰਕਾਰੀ ਅਦਾਰੇ ਤੋਂ ਇਸ ਦੀ ਜਾਂਚ ਕਰਵਾਓ ।

ਸ੍ਰੀਮਤੀ ਜ਼ਸਲੀਨ ਸੇਠੀ ਨੇ ਕਿ ਕਿਹਾ ਕਿ ਨਗਰ ਨਿਗਮ ਦੇ ਅਧਿਕਾਰੀਆਂ ਵਲੋਂ ਸਟਾਕ ਰਜਿਸਟਰ ਚੰਗੀ ਤਰ੍ਹਾਂ ਮੇਨਟੇਨ ਨਹੀਂ ਕੀਤਾ ਗਿਆ ਅਤੇ ਗੋਲਮਾਲ ਕੀਤਾ ਗਿਆ ਹੈ । ਜਨਵਰੀ, ਫਰਵਰੀ, ਮਾਰਚ, ਅਪ੍ਰੈਲ ਤੋਂ ਬਾਅਦ ਫਿਰ ਜਨਵਰੀ ਦੀਆਂ ਐਂਟਰੀਆਂ ਪਾਈਆਂ ਗਈਆਂ ਹਨ । ਜ਼ੋ ਕਿ ਗਲ਼ਤ ਹੈ । ਉਹਨਾਂ ਇਸ ਸਟਾਕ ਰਜਿਸਟਰ ਦੀਆਂ ਕਾਪੀਆਂ ਮੇਅਰ ਜੀ ਅਤੇ ਕਮਿਸ਼ਨਰ ਜੀ ਨੂੰ ਦਿਖਾਈਆਂ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ ਨੇ ਕਿਹਾ ਕਿ ਅੱਜ ਵੀ ਸਟਾਕ ਰਜਿਸਟਰ ਵਿੱਚ ਅਜੇ ਵੀ ਬੈਲੰਸ ਬੋਲਦਾ ਹੈ । ਜੇ ਕਮੇਟੀ ਨਾ ਬਣਦੀ ਤਾਂ 30 ਲੱਖ ਰੁਪਏ ਵੀ ਜਮ੍ਹਾਂ ਨਹੀਂ ਹੋਣੇ ਸਨ।

ਮੇਅਰ ਜੀ ਨੇ ਕਿਹਾ ਕਿ ਇਹ 84 ਲੱਖ ਰੁਪਏ ਦਾ ਘਾਲਾ-ਮਾਲਾ ਹੈ ।

ਸ੍ਰੀਮਤੀ ਜ਼ਸਲੀਨ ਸੇਠੀ ਨੇ ਕਿਹਾ ਕਿ ਦੋਸ਼ੀ ਅਧਿਕਾਰੀਆਂ ਨੂੰ ਸਜ਼ਾ ਦਿੱਤੀ ਜਾਵੇ ।

ਮੇਅਰ ਜੀ ਨੇ ਕਿਹਾ ਕਿ ਪਹਿਲਾਂ ਅਧਿਕਾਰੀਆਂ ਨੂੰ ਇੱਕ ਮੌਕਾ ਦਈਏ ।

ਸ੍ਰੀਮਤੀ ਅੰਜਲੀ ਭਗਤ ਨੇ ਕਿਹਾ ਕਿ ਸਾਢੇ ਚਾਰ ਸਾਲ ਹੋ ਗਏ ਹਨ ਪਰ ਸਾਨੂੰ ਇਹ ਨਹੀਂ ਪਤਾ ਕਿ ਨਗਰ ਨਿਗਮ ਦਾ ਐਲ.ਏ. ਕੌਣ ਹੈ। ਅਫ਼ਸਰਾਂ ਤੇ ਕੀ ਕਾਰਵਾਈ ਹੋ ਸਕਦੀ ਹੈ ਇਸ ਬਾਰੇ ਐਲ.ਏ. ਦੀ ਰਿਪੋਰਟ ਲਈ ਜਾਣੀ ਚਾਹੀਦੀ ਹੈ । ਪਰ ਇਹ ਪੋਸਟ ਕਿਉਂ ਖਾਲੀ ਪਈ ਹੈ । ਨਗਰ ਨਿਗਮ ਦੇ ਐਸ.ਡੀ.ਓ. , ਜੇ.ਈ. ਫੋਨ ਵੀ ਨਹੀਂ ਚੁੱਕਦੇ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਇਹ ਆਸਾਮੀ ਸਰਕਾਰ ਵਲੋਂ ਭਰੀ ਜਾਣੀ ਹੈ ।

ਮੇਅਰ ਜੀ ਨੇ ਫਿਰ ਕਮਿਸ਼ਨਰ ਜੀ ਨੂੰ ਜਵਾਬ ਦੇਣ ਲਈ ਕਿਹਾ ।

ਕਮਿਸ਼ਨਰ ਜੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਤਾਂ ਉਹ ਸਮੂਹ ਕੌਂਸਲਰਾਂ ਅਤੇ ਮੇਅਰ ਜੀ ਤੇ ਸੀਨਿਅਰ ਡਿਪਟੀ ਮੇਅਰ ਜੀ ਨੂੰ ਜੀ ਆਇਆ ਆਖਦੇ ਹਨ । ਉਹਨਾਂ ਕਿਹਾ ਕਿ ਉਹਨਾਂ ਨੂੰ ਨਗਰ ਨਿਗਮ ਜਲੰਧਰ ਵਿਖੇ ਬਤੌਰ ਕਮਿਸ਼ਨਰ ਜੁਆਇੰਨ ਕੀਤੇ ਅੱਜ ਤੀਜਾ ਦਿਨ ਹੈ । ਮੈਨੂੰ ਮੇਅਰ ਜੀ ਵਲੋਂ ਲਿਖ਼ਤ ਭੇਜਿਆ ਗਿਆ ਕਿ ਅੱਜ ਮੀਟਿੰਗ ਕਰਨੀ ਹੈ । ਮੇਰੇ ਕੋਲ ਅਜੇ ਕੋਈ ਅਜੰਡਾ ਵੀ ਨਹੀਂ ਸੀ ਫਿਰ ਵੀ ਮੈਂ ਸਹਿਮਤੀ ਦਿੱਤੀ । ਪਿਛਲੀ ਮੀਟਿੰਗ ਵਿੱਚ ਹਾਊਸ ਵਲੋਂ ਇਸ ਮੁੱਦੇ ਤੇ ਕਮੇਟੀ ਗਠਤ ਕੀਤੀ ਗਈ ਅਤੇ ਕਮੇਟੀ ਦੀ ਰਿਪੋਰਟ ਮੇਅਰ ਜੀ ਵਲੋਂ ਰਸੀਵ ਕਰ ਲਿੱਤੀ ਗਈ ਹੈ ਤੇ ਵਿਚਾਰ ਕੀਤਾ ਜਾਵੇਗਾ । ਜਿਸ ਕਿਸੇ ਨੂੰ ਵੀ ਸ਼ੋ-ਕਾਜ਼ ਨੋਟਿਸ ਦੇਣਾ ਹੋਵੇਗਾ, ਪੁੱਛ-ਗਿੱਛ ਕਰਨੀ ਹੋਵੇਗੀ ਜਾਂ ਹੋਰ ਇਨਵੈਸਟੀਗੇਸ਼ਨ ਕਰਨੀ ਹੋਵੇਗੀ ਉਹ ਨਿਯਮਾਂ ਅਨੁਸਾਰ ਜ਼ੋ ਸਰਕਾਰੀ ਨਾਰਮਜ਼ ਹਨ, ਅਨੁਸਾਰ ਕੀਤੀ ਜਾਵੇਗੀ। ਸਮਾਰਟ ਸਿਟੀ ਦੇ ਅਧਿਕਾਰੀਆਂ ਅਤੇ ਨਿਗਮ ਅਧਿਕਾਰੀਆਂ ਨੂੰ ਇੱਕ ਮੌਕਾ ਜ਼ਰੂਰ ਦਿੱਤਾ ਜਾਵੇ ਤਾਂ ਜ਼ੋ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾ ਸਕੇ ।

ਸ੍ਰੀ ਸੁਸ਼ੀਲ ਸ਼ਰਮਾ ਨੇ ਕਿਹਾ ਇਹ ਤਾਂ ਅਜੇ ਇੱਕ ਘਪਲਾ ਹੈ । ਅਜੇ ਕੇਂਦਰ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਅਤੇ ਹੋਰ ਪ੍ਰੋਜੈਕਟਾਂ ਦੀਆਂ ਪੜਤਾਂ ਖੁਲਣੀਆਂ ਹਨ । ਪਿਛੇ ਜਿਹੇ ਕੇਂਦਰੀ ਮੰਤਰੀ ਜਲੰਧਰ ਸ਼ਹਿਰ ਆਏ ਤਾਂ ਉਹਨਾਂ ਕਿਹਾ ਕਿ ਲਗਦਾ ਹੈ ਕਿ ਉਹ ਕਿਧਰੇ ਬੈਕਵਰਡ ਏਰੀਏ ਵਿੱਚ ਆਏ ਹਨ ।ਡਿਪਟੀ ਕਮਿਸ਼ਨਰ ਜੀ ਨੇ ਮੀਟਿੰਗ ਬੁਲਾਈ ਪਰ ਉਸ ਮੀਟਿੰਗ ਵਿੱਚ ਸਮਾਰਟ ਸਿਟੀ ਦੇ ਕੋਈ ਅਧਿਕਾਰੀ ਨਹੀਂ ਆਏ । ਨਗਰ ਨਿਗਮ ਵਿੱਚ ਕਿਸੇ ਵੀ ਸ਼ਿਕਾਇਤ ਦਾ ਹਲ ਨਹੀਂ ਹੋ ਰਿਹਾ । ਜੂਨ ਤੋਂ ਬਾਅਦ ਸਟਾਕ ਰਜਿਸਟਰ ਵਿੱਚ ਜਨਵਰੀ ਦੀ ਐਂਟਰੀ ਪਾਈ ਜਾਂਦੀ ਹੈ । ਸਭ ਘਾਲਾ ਮਾਲਾ ਹੋ ਰਿਹਾ ਹੈ ।

ਸ੍ਰੀ ਮਨਦੀਪ ਜੱਸਲ ਨੇ ਕਿਹਾ ਕਿ ਉਹ ਪਿਛਲੀ ਮੀਟਿੰਗ ਵਿੱਚ ਨਹੀਂ ਆਏ । ਪਿਛਲੀ ਮੀਟਿੰਗ ਵਿੱਚ ਹਾਊਸ ਵਲੋਂ ਕਮੇਟੀ ਗਠਤ ਕੀਤੀ ਗਈ । ਕਮੇਟੀ ਦੀ ਰਿਪੋਰਟ ਮੁਤਾਬਕ 57 ਕਰੋੜ ਰੁਪਏ ਖੂਹ ਵਿੱਚ ਪਾ ਦਿੱਤੇ ਗਏ ਹਨ । ਲਾਈਟਾਂ ਤਾਂ ਪਹਿਲਾਂ ਹੀ ਲੱਗੀਆਂ ਹੋਈਆਂ ਸਨ । ਉਹੀ ਕਲੰਪ, ਉਹੀ ਖੰਬੇ ਅਤੇ ਉਹੀ ਤਾਰਾਂ ਤੇ ਨਵੀਆਂ ਲਾਈਟਾਂ ਲਾ ਦਿੱਤੀਆਂ ਗਈਆਂ । ਕਮੇਟੀ ਨੇ ਇੱਕ ਇੱਕ ਪੁਆਇੰਟ ਤੇ ਰਿਪੋਰਟ ਦਿੱਤੀ ਹੈ । ਤੁਸੀਂ ਸਮਾਰਟ ਸਿਟੀ ਦੇ ਮੈਬਰ ਹੋ ਅਤੇ ਪਹਿਲੇ ਕਮਿਸ਼ਨਰ ਉਸ ਦੇ ਸੀ.ਈ.ਓ. ਸਨ । 10-10 ਕਰੋੜ ਰੁਪਏ ਦੇ ਘਪਲੇ

ਸਾਹਮਣੇ ਆ ਰਹੇ ਹਨ । ਸਾਰਾ ਹਾਊਸ ਤੁਹਾਨੂੰ ਬੇਨਤੀ ਕਰਦਾ ਹੈ ਕਿ ਮੇਅਰ ਹੋਣ ਦੇ ਨਾਤੇ ਤੁਸੀਂ ਜਵਾਬ ਦਿਓ । ਇਸ ਮਾਮਲੇ ਤੇ ਤਿੰਨ-ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ । ਅਸੀਂ ਅਫ਼ਸਰਾਂ ਨੂੰ 15-20 ਮਿੰਟ ਦਾ ਸਮਾਂ ਦਿੰਦੇ ਹਾਂ ਕਿ ਇਹ ਆਪਣਾ ਜਵਾਬ ਦੇਣ । ਜੇ ਕਮੇਟੀ ਦੀ ਰਿਪੋਰਟ ਗਲਤ ਹੈ ਤਾਂ ਕਮੇਟੀ ਦੇ ਮੈਂਬਰ ਜਵਾਬਦੇਹ ਹਨ ਅਤੇ ਜੇਕਰ ਅਧਿਕਾਰੀ ਗਲਤ ਹਨ ਤਾਂ ਇਹਨਾਂ ਨੂੰ ਕਟਿਹਰੇ ਵਿੱਚ ਖੜਾ ਕਰੀਏ । ਦੋ ਸਾਲ ਤੋਂ ਉਪਰ ਹੋ ਗਏ ਹਨ ਇਹ ਕੰਮ ਸੁਰੂ ਹੋਏ ਨੂੰ ਪਰ ਕੋਈ ਪਨੈਲਟੀ ਨਹੀਂ ਲਗਾਈ ਗਈ । ਲੋਕਾਂ ਦਾ ਇੱਕ-ਇੱਕ ਰੁਪਿਆ ਟੈਕਸ ਦੇ ਰੂਪ ਵਿੱਚ ਇੱਕਠਾ ਕਰਕੇ 57 ਕਰੋੜ ਰੁਪਏ ਨਵੀਆਂ ਲਾਈਟਾਂ ਲਗਾਉਣ ਲਈ ਖਰਚਿਆਂ ਗਿਆ ਪਰ ਲੋਕ ਅਜੇ ਵੀ ਹਨੇਰੇ ਵਿੱਚ ਰਹਿ ਰਹੇ ਹਨ । ਅਸੀਂ ਸ਼ਹਿਰਵਾਸੀਆਂ ਨੂੰ ਜਵਾਬਦੇਹ ਹਾਂ । ਨਾ ਕੋਈ ਐਸ.ਡੀ.ਓ. ਫੋਨ ਚੁੱਕਦਾ ਹੈ ਤੇ ਨਾ ਹੀ ਕੋਈ ਜੇ.ਈ. । ਅਸੀਂ ਅੱਜ ਰਿਜ਼ਲਟ ਲੈ ਕੇ ਜਾਣਾ ਹੈ ।

ਸ੍ਰੀ ਬਚਨ ਲਾਲ ਨੇ ਕਿਹਾ ਕਿ ਇਸ ਬਾਰੇ ਕਮਿਸ਼ਨਰ ਜੀ ਲੀਗਲੀ ਬਾਊਂਡ ਹਨ । ਉਹਨਾਂ ਨੇ ਅਫ਼ਸਰਾਂ ਤੋਂ ਪੁੱਛਗਿੱਛ ਕਰਨੀ ਹੈ ਅਤੇ ਮੇਅਰ ਜੀ ਨੇ ਉਹਨਾਂ ਨੂੰ ਅਸਿਸਟ ਕਰਨਾ ਹੈ । ਐਕਟ ਮੁਤਾਬਕ ਕਮਿਸ਼ਨਰ ਜੀ ਨੇ ਹੀ ਲੀਗਲ ਐਕਸ਼ਨ ਲੈਣਾ ਹੈ । ਐਗਰੀਮੈਂਟ ਵਿੱਚ 15% ਤੱਕ ਐਨਹਾਂਸਮੈਂਟ ਦਾ ਜ਼ਿਕਰ ਹੈ ਪਰ 25% ਤੱਕ ਐਨਹਾਂਸਮੈਂਟ ਕੀਤੀ ਗਈ ਤੇ ਜਿਹੜਾ ਵਾਧੂ 8 ਕਰੋੜ ਰੁਪਏ ਦੀ ਅਦਾਇਗੀ ਕੀਤੀ ਹੈ ਜਾਂ ਕਰਨੀ ਹੈ ਬਾਰੇ 16% ਬੈਂਕ ਗਰੰਟੀ ਨਹੀਂ ਲਈ ਗਈ। ਇਸ ਤੇ 2% ਤੋਂ 10% ਤੱਕ ਜੁਰਮਾਨਾ ਲਗਣਾ ਸੀ ਉਹ ਵੀ ਨਹੀਂ ਲਗਾਇਆ ਗਿਆ । ਅਫ਼ਸਰ ਕਹਿੰਦੇ ਹਨ ਕਿ ਅਸੀਂ ਰਿਕਵਰੀ ਕਰ ਲਵਾਂਗੇ । ਜੇ ਕਮੇਟੀ ਨਾ ਬਣਦੀ ਤਾਂ ਫਿਰ ਅਫ਼ਸਰ ਕਿਸ ਤਰ੍ਹਾਂ ਇਹ ਰਿਕਵਰੀ ਕਰਦੇ ।

ਸ੍ਰੀਮਤੀ ਮਨਦੀਪ ਕੌਰ ਮੁਲਤਾਨੀ ਨੇ ਕਿਹਾ ਕਿ ਕਮੇਟੀ ਵਲੋ ਜਿੰਨੀਆਂ ਵੀ ਮੀਟਿੰਗਾਂ ਕੀਤੀਆਂ ਗਈਆਂ ਉਹਨਾਂ ਵਿੱਚ ਮੇਅਰ ਜੀ ਨਹੀਂ ਆਏ । ਨਾ ਅਫ਼ਸਰ ਫੋਨ ਚੁੱਕਦੇ ਹਨ ਤੇ ਨਾ ਹੀ ਠੇਕੇਦਾਰ ।

ਸ੍ਰੀ ਬਲਜੀਤ ਸਿੰਘ ਬਿੰਦ ਨੇ ਕਿਹਾ ਕਿ ਹਾਊਸ ਸਹਿਮਤ ਹੈ ਇਸ ਪ੍ਰੋਜੈਕਟ ਦੀ ਸੀ.ਬੀ.ਆਈ. ਜਾਂਚ ਕਰਵਾਈ ਜਾਵੇ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ ਨੇ ਮੇਅਰ ਜੀ ਨੂੰ ਪੁੱਛਿਆ ਕਿ ਪੌਣੇ ਦੋ ਸਾਲ ਹੋ ਗਏ ਹਨ ਤੁਸੀਂ ਕਿਓਂ ਚੁੱਪ ਰਹੇ । ਤੁਸੀਂ ਕਿਉਂ ਨਹੀਂ ਪੁੱਛਿਆ ।

ਸ੍ਰੀ ਰਾਜਵਿੰਦਰ ਸਿੰਘ ਰਾਜਾ ਨੇ ਕਿਹਾ ਕਿਹਾ ਕਿ ਕਮੇਟੀ ਨੂੰ ਹਾਊਸ ਨੇ ਦੋ ਦਿਨ ਦਾ ਸਮਾਂ ਦਿੱਤਾ ਸੀ । ਅਸੀਂ ਦਿਨ ਰਾਤ ਕੰਮ ਕੀਤਾ ਤੇ ਰਿਪੋਰਟ ਤਿਆਰ ਕੀਤੀ ।

ਸ੍ਰੀ ਪ੍ਰਭਦਿਆਲ ਨੇ ਕਿਹਾ ਕਿ ਉਹ ਸ੍ਰੀ ਬਚਨ ਲਾਲ ਅਤੇ ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ ਨਾਲ ਸਹਿਮਤ ਹਨ । ਕਮਿਸ਼ਨਰ ਸਾਹਿਬ ਨਵੇਂ ਆਏ ਹਨ । ਮੇਰਾ ਸੁਝਾਓ ਹੈ ਕਿ ਜ਼ੋ ਵੀ ਕਾਨੂੰਨੀ ਕਾਰਵਾਈ ਕਰਨੀ ਬਣਦੀ ਹੈ ਉਹ ਕਮਿਸ਼ਨਰ ਜੀ ਨੇ ਹੀ ਕਰਨੀ ਹੈ ।

ਸ੍ਰੀ ਨਿਰਮਲ ਸਿੰਘ ਨੇ ਕਿਹਾ ਕਿ ਜਿਹੜਾ ਵੀ ਕੰਮ ਕਰਨਾ ਹੈ ਪੱਕੇ ਪੈਰੀਂ ਕੀਤਾ ਜਾਵੇ । ਜਿਵੇਂ ਕਿ ਪਿੱਛੇ ਜਿਹੇ ਸ੍ਰੀ ਸ਼ੀਤਲ ਅੰਗੁਰਾਲ, ਐਮ.ਐਲ.ਏ. ਦੀ ਇੱਕ ਵੀ ਗੱਲ ਨਹੀਂ ਸੁਣੀ ਗਈ ਉਸੇ ਤਰ੍ਹਾਂ ਇਸ ਵਿੱਚ ਵੀ ਨਾ ਹੋਵੇ । ਅਫ਼ਸਰਾਂ ਨੂੰ ਇੱਕ ਅੱਧੇ ਘੰਟੇ ਦਾ ਟਾਈਮ ਦਿਓ ਅਤੇ ਜਿਹੜਾ ਵੀ ਐਕਸ਼ਨ ਹੋਵੇ ਪੂਰਾ ਹੋਵੇ । ਸੈਂਟਰਲ ਗੋਰਮਿੰਟ ਦਾ ਮੰਤਰੀ ਆਇਆ ਹੋਵੇ ਅਤੇ ਸਮਾਰਟ ਸਿਟੀ ਦਾ ਕੋਈ ਅਧਿਕਾਰੀ ਨਾ ਜਾਵੇ ਇਸ ਤੋਂ ਵੱਡੀ ਕਿਹੜੀ ਗੱਲ ਹੋ ਸਕਦੀ ਹੈ ।

ਕਮਿਸ਼ਨਰ ਜੀ ਨੇ ਕਿਹਾ ਕਿ ਮੈਂ ਪਹਿਲਾਂ ਵੀ ਹਾਊਸ ਨੂੰ ਬੇਨਤੀ ਕੀਤੀ ਹੈ ਕਿ ਜ਼ੋ ਵੀ ਨਾਰਮ ਅਤੇ ਪਰੋਸੀਜ਼ਰ ਲੇ ਡਾਊਨ ਹੁੰਦੇ ਹਨ, ਅਨੁਸਾਰ ਅਸੀਂ ਕਾਰਵਾਈ ਕਰਾਂਗੇ । ਹਾਊਸ ਨੇ ਜਿਹੜੀ ਕਮੇਟੀ ਗਠਤ ਕੀਤੀ ਸੀ ਉਸ ਕਮੇਟੀ ਨੇ ਅਫ਼ਸਰਾਂ ਨਾਲ ਤਾਲਮੇਲ ਕਰਕੇ ਜਿਹੜੀ ਰਿਪੋਰਟ ਪੇਸ਼ ਕੀਤੀ ਹੈ ਹੁਣ ਬਾਕੀ ਦਾ ਕੰਮ ਐਡਮਿਨਿਟਰੇਸ਼ਨ ਦਾ ਹੈ। ਲੀਗਲ ਰਾਏ ਲੈ ਕੇ ਪ੍ਰਿੰਸੀਪਲ ਆਫ ਨੈਚੁਰਲ ਜ਼ਸਟਿਸ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ। ਕਾਰਵਾਈ ਕਰਨ ਤੋਂ ਪਹਿਲਾਂ ਸਭ ਨੂੰ ਮੌਕਾ ਦੇਣਾ ਹੁੰਦਾ ਹੈ। ਹਾਊਸ ਨੇ ਜ਼ੋ ਫੈਸਲਾ ਲੈਣਾ ਹੈ ਉਸ ਬਾਰੇ ਕੁਝ ਟਾਈਮ ਦਿਓ। ਰਿਪੋਰਟ ਐਗਜ਼ਾਮੀਨ ਕੀਤੀ ਜਾ ਸਕੇ। ਤਦ ਹੀ ਕਸੂਰਵਾਰ ਅਧਿਕਾਰੀਆਂ ਖ਼ਿਲਾਫ ਕਾਰਵਾਈ ਕੀਤੀ ਜਾ ਸਕਦੀ ਹੈ।

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ ਨੇ ਕਿਹਾ ਕਿ ਕਿੰਨਾ ਟਾਈਮ ਚਾਹੀਦਾ ਹੈ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖ਼ਹਿਰਾ ਨੇ ਕਿਹਾ ਕਿ ਕਿੰਨੇ ਦਿਨਾਂ ਵਿੱਚ ਕਾਰਵਾਈ ਕੀਤੀ ਜਾਵੇਗੀ ।

ਕਮਿਸ਼ਨਰ ਜੀ ਨੇ ਕਿਹਾ ਕਿ ਜ਼ੋ ਵੀ ਕਾਰਵਾਈ ਕੀਤੀ ਜਾਵੇਗੀ ਟਾਈਮਲਾਈਨ ਅਨੁਸਾਰ ਪਰਾਪਰ ਪੜ ਕੇ ਕੀਤੀ ਜਾਵੇਗੀ । 8 ਜੁਲਾਈ ਨੂੰ ਮੈਂ ਜੁਆਇੰਨ ਕੀਤਾ ਹੈ । ਕਲ੍ਹ ਮੈਂ ਚੰਡੀਗੜ੍ਹ ਸੀ । ਹਾਊਸ ਦਾ ਜਿਹੜਾ ਪਾਰਟ ਸੀ ਤੁਸੀਂ ਪੂਰਾ ਕਰ ਲਿਆ ਹੈ ਬਾਕੀ ਕੰਮ ਐਡਮਿਨਿਸਟਰੇਸ਼ਨ ਦਾ ਹੈ। ਇੱਕ ਗੱਲ ਵਾਰ-ਵਾਰ ਰਪੀਟ ਨਾ ਕੀਤੀ ਜਾਵੇ । ਪੂਰੀ ਕਾਰਵਾਈ ਲਈ 10 ਦਿਨ ਦਾ ਸਮਾਂ ਦਿੱਤਾ ਜਾਵੇ ।

ਸ੍ਰੀ ਸੁਸ਼ੀਲ ਸ਼ਰਮਾ ਨੇ ਕਿਹਾ ਕਿ ਕੀ ਅਸੀਂ ਸਿੱਧੇ ਸਟੇਟ ਵਿਜੀਲੈਂਸ ਜਾਂ ਸੀ.ਬੀ.ਆਈ. ਕੋਲ ਜਾ ਸਕਦੇ ਹਾਂ ।

ਮੇਅਰ ਜੀ ਨੇ ਕਿਹਾ ਕਿ ਕਮਿਸ਼ਨਰ ਜੀ ਦੱਸਣ ਕਿ ਕਿੰਨੇ ਦਿਨਾਂ ਵਿੱਚ ਜਵਾਬ ਦੇਣਗੇ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ ਨੇ ਕਿਹਾ ਕਿ ਅਸੀਂ ਇੰਝ ਮੀਟਿੰਗਾਂ ਕਰ ਰਹੇ ਹਾਂ ਅਤੇ ਕੰਪਨੀ ਆਪਣੀਆਂ ਖ਼ਾਮੀਆਂ ਭਰੀ ਜਾ ਰਹੀ ਹੈ । ਅਸੀਂ ਉਸ ਨੂੰ ਟਾਈਮ ਦੇ ਰਹੇ ਹਾਂ ।

ਸ੍ਰੀ ਦਵਿੰਦਰ ਸਿੰਘ ਰੋਨੀ ਨੇ ਕਿਹਾ ਕਿ ਸਮਾਰਟ ਸਿਟੀ ਦੇ ਅਧਿਕਾਰੀ ਅੱਜ ਆਏ ਹੋਏ ਹਨ ਤੁਸੀਂ ਜਵਾਬ ਲੈ ਲਵੋ ।

ਮੇਅਰ ਜੀ ਨੇ ਸਮਾਰਟ ਸਿਟੀ ਦੇ ਅਧਿਕਾਰੀਆਂ ਨੂੰ ਜਵਾਬ ਦੇਣ ਲਈ ਕਿਹਾ ।ਮੇਅਰ ਜੀ ਨੇ ਪੁੱਛਿਆ ਕਿ ਕੀ ਸੀ.ਸੀ.ਐਮ.ਐਸ. ਬਨਾਉਣ ਤੋਂ ਪਹਿਲਾਂ ਅਦਾਇਗੀ ਕੀਤੀ ਜਾ ਸਕਦੀ ਸੀ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ ਨੇ ਕਿਹਾ ਕਿ ਤੁਸੀਂ 25000 ਲਾਈਟਾਂ ਲੱਗਣ ਤੋਂ ਬਾਅਦ ਕੰਪਨੀ ਨੂੰ ਮੇਨਟੀਨੈਂਸ ਦੇ ਪੈਸਿਆਂ ਦੀ ਅਦਾਇਗੀ ਕਰ ਦਿੱਤੀ । ਕੀ ਇਹ ਅਦਾਇਗੀ ਹੋ ਸਕਦੀ ਸੀ ।

ਸ੍ਰੀ ਲਖਵਿੰਦਰ ਸਿੰਘ, ਪ੍ਰੋਜੈਕਟਰ ਅਫ਼ਸਰ ਸਮਾਰਟ ਸਿਟੀ ਨੇ ਕਿਹਾ ਕਿ ਕੰਪਨੀ ਨੇ ਆਪਣਾ ਕੰਟਰੋਲ ਯੂਨਿਟ ਬਨਾਇਆ ਸੀ ਜ਼ੋ ਕਿ ਬਾਦ ਵਿਚ ਨਿਗਮ ਵਿਚ ਸਿਫ਼ਟ ਕਰਨਾ ਸੀ। 10000 ਲਾਈਟਾਂ ਲੱਗਣ ਤੋਂ ਬਾਅਦ ਅਦਾਇਗੀ ਕੀਤੀ ਗਈ ਹੈ । ਐਨਰਜੀ ਸੇਵਿੰਗ ਦਾ 3.73 ਕਰੋੜ ਦਾ ਫਾਇਦਾ ਹੋਇਆ ਹੈ ।

ਮੇਅਰ ਜੀ ਨੇ ਕਿਹਾ ਕਿ ਜਦ ਸਾਰੀਆਂ ਲਾਈਟਾਂ ਲੱਗੀਆਂ ਹੀ ਨਹੀਂ ਤੇ ਨਾ ਹੀ ਕੋਈ ਨੰਬਰਿੰਗ ਹੋਈ ਹੈ ਫਿਰ ਕਿਸ ਤਰ੍ਹਾਂ ਅਦਾਇਗੀ ਕਰ ਦਿੱਤੀ ਗਈ ।

ਸ੍ਰੀ ਲਖਵਿੰਦਰ ਸਿੰਘ ਨੇ ਕਿਹਾ ਕਿ ਨੰਬਰਿੰਗ ਹੋਈ ਹੈ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖ਼ਹਿਰਾ ਨੇ ਕਿਹਾ ਕਿ ਪਾਰਟ ਏ ਦਾ 32 ਲੱਖ ਅਤੇ ਪਾਰਟ ਬੀ ਦਾ 86 ਲੱਖ ਮੇਨਟੀਨੈਂਸ ਦੀ ਅਦਾਇਗੀ ਕਿਸ ਤਰ੍ਹਾਂ ਕੀਤੀ ਗਈ । ਇਹ ਪੈਸੇ ਵਿਆਜ ਸਮੇਤ ਵਾਪਿਸ ਲਏ ਜਾਣ।

ਸ੍ਰੀ ਲਖਵੀਰ ਸਿੰਘ ਬਾਜਵਾ ਨੇ ਕਿਹਾ ਕਿ ਕਪੂਰਥਲਾ ਰੋਡ ਅਤੇ ਆਲ੍ਹੇ-ਦੁਆਲ੍ਹੇ ਦੇ ਮੁਹੱਲਿਆਂ ਦੀਆਂ 6 ਮਹੀਨੇ ਤੋਂ ਲਾਈਟਾਂ ਬੰਦ ਪਈਆਂ ਹਨ ਫਿਰ ਮੇਂਟੀਨੈਂਸ ਦੀ ਕਿਸ ਤਰ੍ਹਾਂ ਅਦਾਇਗੀ ਹੋ ਰਹੀ ਹੈ ।

ਸ੍ਰੀ ਬਚਲ ਲਾਲ ਨੇ ਕਿਹਾ ਕਿ 28 ਕਰੋੜ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਪਰ ਹਰੇਕ ਕੌਂਸਲਰ ਨੂੰ ਸ਼ਕਾਇਤਾਂ ਹਨ ।

ਸ੍ਰੀ ਸ਼ਮਸ਼ੇਰ ਸਿੰਘ ਖਹਿਰਾ ਨੇ ਕਿਹਾ ਕਿ ਡਾਰਕ ਪੁਆਇੰਟਾਂ ਦੀ ਥਾਂ ਨਵੇਂ ਪੁਆਇੰਟ ਲਗਾ ਦਿੱਤੇ ਜਦ ਕਿ ਐਗਰੀਮੈਂਟ ਵਿੱਚ ਇਹ ਕਲਾਜ਼ ਨਹੀਂ ਹੈ । ਕੰਨਵਰਸ਼ਨ ਕਰ ਸਕਦੇ ਹਨ। 44283 ਪੁਰਾਣੀਆਂ ਲਾਈਟਾਂ ਪਾਰਟ-ਏ ਵਿੱਚ ਸੀ ਪਰ 72092 ਲਗਵਾ ਦਿੱਤੀਆਂ ਗਈਆਂ । ਪਾਰਟ -ਬੀ ਵਿੱਚ 35 ਵਾਟ ਦੀਆਂ 2036 ਲਾਈਟਾਂ ਲਗਾਈਆਂ ਗਈਆਂ । 18 ਵਾਟ ਦੀਆਂ 1683 ਅਤੇ 70 ਵਾਟ ਦੀਆਂ 55 ਲਾਈਟਾਂ ਲਗਾ ਦਿੱਤੀਆਂ ਗਈਆਂ ਜਦ ਕਿ ਐਗਰੀਮੈਂਟ ਮੁਤਾਬਕ ਲੱਗ ਨਹੀਂ ਸਕਦੀਆਂ ਸਨ । ਅਸੀਂ ਐਗਰੀਮੈਂਟ ਦੇ ਬਾਹਰ ਨਹੀਂ ਜਾ ਸਕਦੇ । ਆਈ.ਡੀ.ਸੀ. ਨੂੰ ਵਧਾ ਨਹੀਂ ਸਕਦੇ । ਪੇਮੈਂਟ ਵਾਪਸ ਲਿੱਤੀ ਜਾਵੇ । ਜੇ ਕਮੇਟੀ ਦੀ ਰਿਪੋਰਟ ਗਲਤ ਹੈ ਤਾਂ ਸਾਨੂੰ ਪੁੱਛਿਆ ਜਾਵੇ ।ਜੋ ਵੀ ਕਸੂਰਵਾਰ ਹਨ ਉਹਨਾਂ ਨੂੰ ਸਜ਼ਾ ਦਿੱਤੀ ਜਾਵੇ ।

ਸ਼੍ਰੀਮਤੀ ਜ਼ਸਲੀਨ ਸੇਠੀ ਨੇ ਕਿਹਾ ਕਿ 44000 ਤੋਂ 72000 ਕਿਸ ਦੇ ਹੁਕਮਾਂ ਨਾਲ ਲਗਾਏ ਗਏ।

ਸ੍ਰੀ ਵਿਪਨ ਕੁਮਾਰ ਚੱਡਾ ਨੇ ਕਿਹਾ ਕਿ ਕਾਗਜਾਂ ਵਿੱਚ ਹੀ ਲੱਗੇ ਹਨ । ਇਕੱਲੇ-ਇੱਕਲੇ ਕੌਂਸਲਰਾਂ ਨੂੰ ਪੁੱਛਿਆ ਜਾਵੇ ।

ਸ੍ਰੀ ਸੁਸ਼ੀਲ ਸ਼ਰਮਾ ਨੇ ਕਿਹਾ ਕਿ ਜਿਹੜਾ ਸਰਵੇ ਹੋਇਆ । ਡਾਰਕ ਪੁਆਇੰਟਾਂ ਬਾਰੇ ਗੁੰਮਰਾਹ ਕੀਤਾ ਗਿਆ । ਇੰਨੀਆ ਲਾਈਟਾਂ ਲੱਗਣ ਦੇ ਬਾਵਜੂਦ ਵੀ ਸ਼ਹਿਰ ਹਨੇਰੇ ਵਿਚ ਹੈ।

ਸ੍ਰੀ ਨਿਰਮਲ ਸਿੰਘ ਨੇ ਕਿਹਾ ਕਿ ਆਊਟਰ ਵਾਰਡ ਅੱਧੇ ਤੋਂ ਜ਼ਿਆਦਾ ਹਨੇਰੇ ਵਿੱਚ ਹਨ । ਸਟੀਕਰ ਕਿਉਂ ਲਗਾਏ ਗਏ ਜੇਕਰ ਲਾਈਟਾਂ ਲਗਾਉਣੀਆਂ ਹੀ ਨਹੀਂ ਸਨ ।ਉਹਨਾਂ ਇਹ ਵੀ ਕਿਹਾ ਕਿ ਸਮਾਰਟ ਸਿਟੀ ਦੇ ਸਾਰੇ ਕੰਮਾਂ ਨੂੰ ਨਿਗਮ ਦੇ ਅੰਡਰ ਲਿਆਂਦਾ ਜਾਵੇ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖ਼ਹਿਰਾ ਨੇ ਕਿਹਾ ਕਿ ਸਟੀਕਰਾਂ ਦੇ ਹਿਸਾਬ ਨਾਲ ਵੀ ਲਾਈਟਾਂ ਨਹੀਂ ਲੱਗੀਆਂ । ਉਹਨਾਂ ਇਹ ਵੀ ਕਿਹਾ ਕਿ ਤੁਸੀਂ ਸਮਾਰਟ ਸਿਟੀ ਵਿੱਚ ਰਿਟਾਇਰਡ ਅਧਿਕਾਰੀ ਕਿਉਂ ਰੱਖੇ ਹਨ । ਨਵੇਂ ਪੜੇ ਲਿਖੇ ਨੌਜਵਾਨ ਕਿਉਂ ਨਹੀਂ ਰਖਦੇ ।

ਇਸ ਉਪਰੰਤ ਮੇਅਰ ਜੀ ਨੇ ਸਮੂਹ ਹਾਊਸ ਨੂੰ ਪੁੱਛਿਆ ਕਿ ਕਮੇਟੀ ਦੀ ਰਿਪੋਰਟ ਤੇ ਕਮਿਸ਼ਨਰ ਜੀ ਤੋਂ ਜਵਾਬ ਲੈਣ ਲਈ ਕਿੰਨਾਂ ਸਮਾਂ ਦੇਣਾ ਹੈ, ਦੱਸਿਆ ਜਾਵੇ ਜਿਸ ਤੇ ਸਮੂਹ ਹਾਊਸ ਦੀ ਸਹਿਮਤੀ ਨਾਲ ਇਸ ਸਬੰਧੀ ਮਿਤੀ 16.7.2022 ਲਈ ਦੋਬਾਰਾ ਮੀਟਿੰਗ ਰੱਖਣ ਲਈ ਸਹਿਮਤੀ ਦਿੱਤੀ ਗਈ ਜਿਸ ਤੇ ਮੇਅਰ ਜੀ ਨੇ ਇਹ ਮੀਟਿੰਗ ਮਿਤੀ 16.7.2022 ਸਮਾਂ ਬਾਅਦ ਦੁਪਹਿਰ 3:00 ਤੱਕ ਲਈ ਮੁਲਤਵੀ ਕਰਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
13.7.2022

ਤਸਦੀਕ ਕੀਤਾ
ਅਜੰਡਾ ਸੁਪਰਡੈਂਟ
ਨਗਰ ਨਿਗਮ, ਜਲੰਧਰ।

ਵਿਸ਼ਾ:- ਸਮਾਰਟ ਸਿਟੀ ਅਧੀਨ ਚੱਲ ਰਹੇ ਐਲ.ਈ.ਡੀ. ਪ੍ਰੋਜੈਕਟ ਨੂੰ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਘੋਖਣ ਬਾਰੇ।

ਨਗਰ ਨਿਗਮ ਹਾਊਸ ਦੀ ਮੀਟਿੰਗ ਮਿਤੀ 1.7.2022 ਵਿਚ ਉਕਤ ਪ੍ਰੋਜੈਕਟ ਦੀ ਪੜਤਾਲ ਬਾਬਤ ਕੌਂਸਲਰਾਂ ਦੀ ਕਮੇਟੀ ਗਠਤ ਕੀਤੀ ਗਈ ਸੀ। ਇਸ ਕਮੇਟੀ ਵਲੋਂ ਮਿਤੀ 4.7.2022 ਅਤੇ 5.7.2022 ਨੂੰ ਸਬੰਧਤ ਨਗਰ ਨਿਗਮ ਦੇ ਅਧਿਕਾਰੀ ਅਤੇ ਸਮਾਰਟ ਸਿਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਕਮੇਟੀ ਦੇ ਮੈਂਬਰਾਂ ਵਲੋਂ ਜ਼ੋ ਇਸ ਪ੍ਰੋਜੈਕਟ ਸਬੰਧੀ ਜੋ ਨਿਰੀਖਣ ਉਠਾਏ ਗਏ ਅਤੇ ਉਸ ਸਬੰਧੀ ਦਿੱਤੇ ਗਏ ਜ਼ਵਾਬ ਨੂੰ ਮੁੱਖ ਰੱਖਦੇ ਹੋਏ ਕਮੇਟੀ ਆਪਣੀ ਰਿਪੋਰਟ ਹੇਠ ਲਿਖੇ ਅਨੁਸਾਰ ਪੇਸ਼ ਕਰਦੀ ਹੈ:

1. Scope of the Project as per Agreement.

(i) ਇਕਰਾਰਨਾਮੇ ਅਨੁਸਾਰ ਇਸ ਪ੍ਰੋਜੈਕਟ ਨੂੰ ਦੋ ਭਾਗਾ ਵਿਚ ਬਣਾਇਆ ਗਿਆ ਸੀ। ਜਿਸ ਵਿਚ ਪਹਿਲੇ ਭਾਗ ਵਿਚ 59999 ਲਾਈਟਾਂ ਪੁਰਾਣੀਆਂ ਲਾਈਟਾਂ ਦੀ ਜਗ੍ਹਾਂ ਤੇ ਨਵੀਆਂ 59999 ਲਾਈਟਾ ਲਗਾਈਆਂ ਜਾਣੀਆਂ ਸਨ। ਜਿਸ ਵਿਚ 18 ਵਾਟ ਦੀ ਐਲ.ਈ.ਡੀ. ਲਾਈਟ ਜਿਸ ਦੀ ਗਿਣਤੀ 9895 ਸੀ, 35 ਵਾਟ ਐਲ.ਈ.ਡੀ. ਦੀਆਂ 16283 ਲਾਈਟਾ, 70 ਵਾਟ ਦੀ ਐਲ.ਈ.ਡੀ. ਲਾਇਟਾਂ 32385 ਲਗਣੀਆਂ ਸਨ, 110 ਵਾਟ ਦੀਆਂ ਐਲ.ਈ.ਡੀ. ਲਾਈਟਾਂ 1215 ਲੱਗਣੀਆ ਸਨ, 135 ਵਾਟ ਦੀ ਐਲ.ਈ.ਡੀ. ਦੀਆਂ 221 ਲਾਈਟਾਂ ਲੱਗਣੀਆਂ ਸਨ, ਜ਼ੋ ਕਿ ਕੁਲ ਸੰਖਿਆ 59999 ਐਲ.ਈ.ਡੀ ਲਾਈਟਾਂ ਸਨ। ਅਫਸਰਾਂ ਦੇ ਦੱਸਣ ਦੇ ਮੁਤਾਬਕ ਅੱਜ ਤੱਕ ਜ਼ੋ ਕਿ ਪੁਰਾਣੀਆਂ ਲਾਈਟਾਂ ਜਿਹਨਾਂ ਦੀ ਗਿਣਤੀ 44283 ਸਟਾਕ ਰਜਿਸਟਰ ਮੁਤਾਬਕ ਦੱਸੀ ਗਈ ਹੈ, ਜਿਸ ਮੁਤਾਬਕ 44283 ਲਾਈਟਾਂ ਹੀ ਲੱਗਣੀਆ ਚਾਹੀਦੀਆਂ ਸਨ ਪਰ ਇਲੈਕਟ੍ਰੀਕਲ ਅਕਸਪਰਟ ਜਲੰਧਰ ਸਮਾਰਟ ਸਿਟੀ ਮੁਤਾਬਕ ਹੁਣ ਤੱਕ 72092 ਐਲ.ਈ.ਡੀ. ਲਾਈਟਾਂ ਲੱਗ ਚੁੱਕੀਆਂ ਹਨ। ਜ਼ੋ ਕਿ ਇਕਰਾਰਨਾਮੇ ਮੁਤਾਬਕ 27809 ਐਲ.ਈ.ਡੀ. ਲਾਈਟਾਂ ਵਾਧੂ ਲੱਗ ਚੁੱਕੀਆਂ ਹਨ। ਜ਼ੋ ਕਿ ਇਕਾਰਾਰਨਾਮੇ ਮੁਤਾਬਕ ਵਾਧੂ ਲਾਈਟਾਂ ਨਹੀਂ ਲੱਗਣੀਆਂ ਚਾਹੀਦੀਆਂ ਸਨ। ਜਿਹਨਾਂ ਵਿਚ ਵਾਧੂ ਲਾਈਟਾਂ ਦੀ ਅਦਾਇਗੀ ਨਹੀਂ ਹੋਣੀ ਚਾਹੀਦੀ। ਜਿਸ ਵਿਚ ਪਾਇਆ ਗਿਆ ਹੈ ਕਿ ਐਚ.ਪੀ.ਐਲ. ਕੰਪਨੀ ਵਲੋਂ ਇਕਰਾਰਨਾਮੇ ਦੀ ਉਲੰਘਣਾ ਕੀਤੀ ਗਈ ਹੈ।

(ii) ਇਕਰਾਰਨਾਮੇ ਅਨੁਸਾਰ ਇਸ ਪ੍ਰੋਜੈਕਟ ਦੇ ਦੂਜੇ ਭਾਗ ਵਿਚ 11 ਪਿੰਡਾਂ ਵਿਚ ਕੁਲ 2092 ਐਲ.ਈ.ਡੀ.ਲਾਈਟਾਂ ਲਗਾਈਆਂ ਜਾਣੀਆਂ ਸਨ।ਜਿਸ ਵਿਚ 35 ਵਾਟ ਦੀਆਂ 2036 ਸਨ ਅਤੇ 90 ਵਾਟ ਦੀਆਂ 56 ਐਲ.ਈ.ਡੀ. ਲਾਈਟਾਂ ਲਗਾਈਆਂ ਜਾਣੀਆਂ ਸਨ, ਜਿਸ ਵਿਚ 459 ਪੋਲ ਸਨ, ਜਿਸ ਵਿਚ 47 ਸੀ.ਸੀ.ਐਮ.ਐਸ. ਸਨ। ਜਿਸ ਵਿਚ ਸਮਾਰਟ ਸਿਟੀ ਅਤੇ ਨਗਰ ਨਿਗਮ ਦੇ ਅਫਸਰਾਂ ਦੇ ਦੱਸਣ ਦੇ ਮੁਤਾਬਕ ਉਹਨਾਂ ਨੇ 18 ਵਾਟ ਦੀਆਂ 1683 ਐਲ.ਈ.ਡੀ. ਲਾਈਟਾਂ, 35 ਵਾਟ ਦੀਆਂ 483 ਐਲ.ਈ.ਡੀ. ਲਾਈਟਾਂ, 70 ਵਾਟ ਦੀਆਂ 55 ਐਲ.ਈ.ਡੀ. ਲਾਈਟਾਂ ਲਗਾਈਆਂ ਹਨ। ਇਕਰਾਰਨਾਮੇ ਮੁਤਾਬਕ 18 ਵਾਟ

ਅਤੇ 70 ਵਾਟ ਦੀਆਂ ਐਲ.ਈ.ਡੀ. ਲਾਈਟਾਂ ਨਹੀਂ ਲੱਗ ਸਕਦੀਆਂ ਹਨ। ਜਿਸ ਵਿਚ ਪਾਇਆ ਗਿਆ ਹੈ ਕਿ ਐਚ.ਪੀ.ਕੰਪਨੀ ਵਲੋਂ ਇਕਰਾਰਨਾਮੇ ਦੀ ਉਲੰਘਣਾ ਕੀਤੀ ਗਈ ਹੈ।

(iii) ਕਮੇਟੀ ਦੇ ਧਿਆਨ ਵਿਚ ਜਦ ਤੀਜੀ ਧਿਰ ਵਲੋਂ ਪ੍ਰੋਜੈਕਟ ਦੀ ਵਿੱਤੀ ਅਤੇ ਤਕਨੀਕੀ ਆਡਿਟ ਦੀ ਰਿਪੋਰਟ ਨੂੰ ਧਿਆਨ ਰੱਖਦੇ ਹੋਏ ਘੋਖਿਆ ਗਿਆ ਕਿ ਐਲ.ਈ.ਡੀ. ਕੰਪਨੀ ਨੂੰ ਵਾਧੂ ਅਦਾਇਗੀ ਕਰ ਦਿੱਤੀ ਗਈ ਹੈ ਜੋ ਕਿ ਵਿਸਥਾਰ ਨਾਲ ਇਸ ਤਰ੍ਹਾਂ ਹੈ:

(i) Excess Payment on account of GST Rs. 75,86,773/-

(ii) Non-deduction of retention Money amounting to Rs. 1,36,59,715/-

(iii) Excess payment under IDC Component

(iv) Non Submission of Bank Guarantee for Rs. 3,75,53,408/- as 16% of Capex amount.

(v) Enhanced amount from 48.84 crore to 57.92 crore has been extended. But no Bank Guarantee has been taken on enhance amount from HPL Company.

ਉਪਰ ਦੱਸੇ ਗਏ ਪੁਆਇੰਟਾਂ ਵਿਚ ਪੈਸਿਆ ਦੀ ਅਦਾਇਗੀ ਐਚ.ਪੀ.ਐਲ. ਕੰਪਨੀ ਨੂੰ ਗਲਤ ਕੀਤੀ ਗਈ ਹੈ ਜੋ ਕਿ ਨਹੀਂ ਹੋਣੀ ਚਾਹੀਦੀ ਸੀ। ਤੀਜੀ ਧਿਰ ਦੀ ਵਿੱਤੀ ਅਤੇ ਤਕਨੀਕੀ ਰਿਪੋਰਟ ਨਾਲ ਨੱਥੀ ਕੀਤੀ ਜਾਂਦੀ ਹੈ।

2. ਇਕਰਾਰਨਾਮੇ ਮੁਤਾਬਕ ਸੀ.ਸੀ.ਐਨ.ਐਸ. ਪੈਨਲ ਨੂੰ ਆਰਥਿੰਗ ਕਰਨੀ ਜਰੂਰੀ ਸੀ ਜੋ ਕੇ ਮੌਕੇ ਤੇ ਚੈਕ ਕੀਤਾ ਗਿਆ ਆਰਥਿੰਗ ਨਹੀਂ ਕੀਤੀ ਗਈ। ਤੀਜੀ ਧਿਰ ਦੀ ਰਿਪੋਰਟ ਵਿਚ ਵੀ ਇਸ ਦਾ ਜਿਕਰ ਕੀਤਾ ਗਿਆ ਹੈ। ਜਿਸ ਕਾਰਨ ਕੋਈ ਹਾਦਸਾ ਹੋ ਸਕਦਾ ਹੈ । ਜੋ ਕਿ ਕੰਮ ਅਧੂਰਾ ਹੋਣ ਕਾਰਨ ਇਸ ਦੀ ਅਦਾਇਗੀ ਨਹੀਂ ਹੋਣੀ ਚਾਹੀਦੀ ਸੀ।

3. ਕਮੇਟੀ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਇਕਰਾਰਨਾਮੇ ਤਹਿਤ ਇੰਨਫਰਾਸਟੱਕਚਰ ਡਿਵੈਲਪਮੈਂਟ ਕਾਸਟ (I.D.C.) ਨੂੰ 2.97 ਕਰੋੜ ਤਹਿਤ ਫਿਕਸ ਕੀਤਾ ਗਿਆ ਹੈ ਜਿਸ ਨੂੰ ਵਧਾਇਆ ਨਹੀਂ ਕੀਤਾ ਜਾ ਸਕਦਾ। ਪਰ ਕਮੇਟੀ ਦੀ ਜਾਂਚ ਵਿਚ ਇਹ ਪਾਇਆ ਗਿਆ ਹੈ ਕਿ ਇਸ ਰਕਮ ਨੂੰ ਵਧਾ ਕੇ 4,96,62,506/- ਰੁਪਏ ਕੀਤਾ ਗਿਆ ਹੈ।ਜੋ ਕਿ ਇਕਰਾਰਨਾਮੇ ਮੁਤਾਬਕ ਵਧੀ ਹੋਈ ਰਕਮ ਗਲਤ ਹੈ। ਸਮਾਰਟ ਸਿਟੀ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਤੋਂ ਵਧਾਈ ਗਈ ਰਕਮ ਬਾਰੇ ਪੁਛਿਆ ਗਿਆ ਤਾਂ ਉਹਨਾਂ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।

4. ਨਗਰ ਨਿਗਮ ਅਤੇ ਸਮਾਰਟ ਸਿਟੀ ਦੇ ਅਫਸਰਾਂ ਦੇ ਦੱਸਣ ਮੁਤਾਬਕ ਐਚ.ਪੀ.ਐਲ. ਕੰਪਨੀ ਨੂੰ ਐਲ.ਈ.ਡੀ.ਲਾਈਟਾਂ ਦੀ ਸ਼ਹਿਰ ਅਤੇ 11 ਪਿੰਡਾਂ ਦੀ ਮੇਨਟੀਨੈਂਸ ਲਈ 38.00 ਲੱਖ ਦੀ ਰਕਮ ਅਦਾ ਕੀਤੀ ਗਈ।ਕਮੇਟੀ ਮੁਤਾਬਕ ਜੋ ਕਿ ਸਰਾਸਰ ਗਲਤ ਅਦਾ ਕੀਤੀ ਗਈ ਹੈ ਕਿਉਂਕਿ ਸੀ.ਸੀ.ਐਮ.ਐਸ. ਅਤੇ ਸੈਂਟਰਲ ਕੰਟਰੋਲ ਯੂਨਿਟ ਦਾ ਪੂਰਾ ਕੰਮ ਨਾ ਮੁਕੰਮਲ ਹੋਣ ਕਰਕੇ ਅਦਾਇਗੀ ਨਹੀਂ ਕੀਤੀ ਜਾ ਸਕਦੀ।

5. ਇਕਰਾਰਨਾਮੇ ਮੁਤਾਬਕ ਐਚ.ਪੀ.ਐਲ. ਕੰਪਨੀ ਨੇ ਇਕ ਸਾਲ ਦੇ ਅੰਦਰ ਐਲ.ਈ.ਡੀ.ਪ੍ਰੋਜੈਕਟ ਨੂੰ ਪੂਰਾ ਕਰਨਾ ਸੀ।ਪਰ ਉਹ ਇਕ ਸਾਲ ਦੇ ਅੰਦਰ ਪੂਰਾ ਨਹੀਂ ਕਰ ਸਕੇ। ਪਰ ਇਸ ਵਿਚ ਸਬੰਧਤ ਅਧਿਕਾਰੀਆਂ ਨੇ ਕੰਮ ਖਤਮ ਕਰਨ ਦੇ ਸਮੇਂ

ਨੂੰ ਵਧਾਇਆ ਹੈ ਪਰ ਇਕਰਾਰਨਾਮੇ ਮੁਤਾਬਕ ਸਮਾਂ ਵਧਾਉਣ ਤੇ 0.5% ਤੋਂ 10% ਤੱਕ ਜੁਰਮਾਨਾਂ ਲਾਇਆ ਜਾ ਸਕਦਾ ਸੀ। ਜੋ ਕਿ ਸਬੰਧਤ ਅਧਿਕਾਰੀਆ ਵਲੋਂ ਨਹੀਂ ਲਗਾਇਆ ਗਿਆ। ਕਮੇਟੀ ਵਲੋਂ ਆਪ ਜੀ ਦੇ ਧਿਆਨ ਵਿਚ ਇਹ ਵੀ ਲਿਆਇਆ ਜਾਂਦਾ ਹੈ ਕਿ ਵਧਾਇਆ ਹੋਇਆ ਸਮਾਂ ਵੀ ਖਤਮ ਹੋ ਚੁੱਕਾ ਹੈ।

6. ਕਮੇਟੀ ਦੀ ਜਾਂਚ ਵਿਚ ਇਹ ਵੀ ਪਾਇਆ ਗਿਆ ਕਿ ਇਕਰਾਰਨਾਮੇ ਤਹਿਤ ਕੰਪਨੀ ਵਲੋਂ ਜੇ.ਐਸ.ਸੀ.ਐਲ. ਸਾਈਨਿੰਗ ਖੰਬਿਆ ਉਪਰ ਕਲੰਪ ਲਗਾਏ ਜਾਣੇ ਸਨ ਜੋ ਕਿ ਨਹੀਂ ਲਗਾਏ ਗਏ।
7. ਸ੍ਰੀ ਮਨਜੀਤਇੰਦਰ ਸਿੰਘ ਜ਼ੋਹਲ, ਐਕਸੀਅਨ, ਨਗਰ ਨਿਗਮ ਜਲੰਧਰ ਵਲੋਂ ਦੱਸਿਆ ਗਿਆ ਹੈ ਕਿ ਸਟਾਕ ਰਜਿਸਟਰ ਵਿਚ ਪੁਰਾਣੀਆਂ ਉਤਾਰੀਆਂ ਹੋਈਆਂ ਲਾਈਟਾਂ ਜੋ ਕਿ ਟਿਊਬ ਲਾਈਟ 5216 ਪੀਸ, ਸੋਡੀਅਮ ਲਾਈਟ 70 ਵਾਟ 12036 ਪੀਸ, ਸੋਡੀਅਮ ਲਾਈਟ 150 ਵਾਟ 27064 ਪੀਸ, ਸੋਡੀਅਮ ਲਾਈਟ 250 ਵਾਟ 67 ਪੀਸ ਜਿਸ ਦਾ ਕੁਲ ਜੋੜ 44383 ਪੀਸ ਦੱਸੀਆਂ ਗਈਆਂ ਹਨ। ਕਮੇਟੀ ਦੀ ਜਾਂਚ ਵਿਚ ਇਹ ਦੇਖਿਆ ਗਿਆ ਕਿ ਇਹ ਪੁਰਾਣੀਆ ਲਾਈਟਾਂ ਨਗਰ ਨਿਗਮ ਦੇ ਜਾਂਡ ਵਿਚ ਨਹੀਂ ਹਨ। ਸਬੰਧਤ ਅਫਸਰ ਨੂੰ ਜਦੋਂ ਇਸ ਸਬੰਧੀ ਪੁਛਿਆ ਗਿਆ ਤਾਂ ਅਫਸਰ ਸਹਿਬਾਨ ਵਲੋਂ ਦੱਸਿਆ ਗਿਆ ਕਿ ਇਹ ਲਾਈਟਾਂ ਅਸੀਂ ਏ.ਐਸ. ਇੰਟਰਪ੍ਰਾਇਜਜ ਨੂੰ 2017 ਦੇ ਐਗਰੀਮੈਂਟ ਮੁਤਾਬਕ ਦੇ ਦਿੱਤੀਆਂ ਹਨ। ਪਰ ਅਫਸਰਾਂ ਵਲੋਂ ਕਮੇਟੀ ਨੂੰ ਏ.ਐਸ. ਇੰਟਰਪ੍ਰਾਇਜਜ ਨੂੰ 2017 ਦੇ ਐਗਰੀਮੈਂਟ ਸਬੰਧੀ ਕੋਈ ਵੀ ਕੋਈ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। ਇਸ ਲਈ ਇਹ ਕਿਸੇ ਵੀ ਪ੍ਰਾਈਵੇਟ ਕੰਪਨੀ ਨੂੰ ਪੁਰਾਣੀਆਂ ਲਾਈਟਾਂ ਨਹੀਂ ਦਿੱਤੀਆ ਜਾ ਸਕਦੀਆਂ ਅਤੇ ਸਟਾਕ ਰਜਿਸਟਰ ਨੂੰ ਕਮੇਟੀ ਵਲੋਂ ਵੇਖਿਆ ਗਿਆ ਉਸ ਵਿਚ ਵੀ ਖਾਮੀਆਂ ਪਾਈਆਂ ਗਈਆਂ।
8. ਕਮੇਟੀ ਦੀ ਜਾਂਚ ਦੌਰਾਨ ਪੁਰਾਣੀਆਂ ਲਾਈਟਾਂ ਦੇ ਨਗਰ ਨਿਗਮ ਦੇ ਖਾਤਾ ਨੰਬਰ: 65021539863 ਸਟੇਟ ਬੈਂਕ ਆਫ ਇੰਡੀਆਂ ਵਿਚ ਮਿਤੀ 5.7.2022 ਨੂੰ 9 ਲੱਖ ਆਨਲਾਈਨ ਰਾਹੀਂ ਟਰਾਂਸਫਰ ਕੀਤਾ ਗਿਆ ਜੋ ਕਿ ਹਾਊਸ ਵਲੋਂ ਐਲ.ਈ.ਡੀ. ਲਾਈਟ ਦੀ ਜਾਂਚ ਕਮੇਟੀ ਬਣਾਈ ਗਈ ਸੀ ਉਸ ਦੀ ਜਾਂਚ ਦੇ ਦੌਰਾਨ ਹੀ 9.00 ਲੱਖ ਰੁਪਏ ਟਰਾਂਸਫਰ ਕਰਵਾਏ ਗਏ ਹਨ। ਜਿਸ ਸਬੰਧੀ ਸੰਬੰਧਤ ਅਫਸਰ ਵਲੋਂ ਕੋਈ ਤਸੱਲੀਬਖਸ ਜਵਾਬ ਨਹੀਂ ਦੇ ਸਕੇ।
9. ਇਕਰਾਰਨਾਮੇ ਤਹਿਤ ਨਵੀਆਂ ਅਤੇ ਡਾਰਕ ਪੁਆਇੰਟ ਐਲ.ਈ.ਡੀ. ਲਾਈਟਾਂ ਨਹੀਂ ਲੱਗ ਸਕਦੀਆਂ।
10. ਦੋ ਸਾਲ ਪੁਰਾਣੀਆਂ ਜਿਹੜੀਆਂ ਲਾਈਟਾਂ ਪੀ.ਸੀ.ਪੀ. ਕੰਪਨੀ ਵਲੋਂ ਲਗਾਈਆਂ ਗਈਆਂ ਸਨ, ਇਨਰਾਰਨਾਮੇ ਅਨੁਸਾਰ ਐਚ.ਪੀ.ਐਲ. ਕੰਪਨੀ ਨੇ ਉਹਨਾਂ ਨਵੇਂ ਲੱਗੇ ਪੁਆਇੰਟਾਂ ਦੀ ਮੈਨਟੀਨੈਂਸ ਕਰਨੀ ਸੀ। ਜਾਂਚ ਵਿਚ ਪਾਇਆ ਗਿਆ ਕਿ ਕੰਪਨੀ ਵਲੋਂ ਮੈਨਟੀਨੈਸ ਨਹੀਂ ਕੀਤੀ ਗਈ।

ਰਿਪੋਰਟ ਅਗਲੇਰੀ ਕਾਰਵਾਈ ਹਿਤ ਪੇਸ਼ ਹੈ।

(ਕਮੇਟੀ ਮੈਂਬਰਾਂ ਦੇ ਹਸਤਾਖਰ)

Mandeep Kaur W.No
98550-15011

W. No. 30
9814744333

Kaur
9779091111
Ward No 45

Rajwinder Singh
9653150009

9592337401

Bachan Lal
W-36
9814290892

Councillor W-8
9779199191

06/07/2022

SHRIKHANDE CONSULTANTS PVT. LTD.

In Association with Global Engineers & Consultants

Ref. No. PTA-A-3425-TA-137

To

Date: 07-06-2022

Chief Executive Officer
Smart City Limited
Jalandhar.

Subject: **Third Party Techno-Financial Audit under Smart City Scheme Regarding 1st Technical Audit Report - "Smart Led Street Lights and Centralized Control & Monitoring System on EPC Mode with Operation and Maintenance of 5 Years in Municipal Corporation Jalandhar under Smart City Mission".**

R/Sir,

In reference to above, it is submitted that above said work is allotted to our agency for conducting technical & financial audit.

Accordingly, we have deputed technical staff at Jalandhar. Field and office visits have been conducted by intimating through various office orders to concerned officers. 1st technical audit report with observations is being submitted for your further necessary action. You are requested to send it for compliance to executing officers.

We are assuring you our best services at all times.

With Thanks & Regards,

D/A:- As above

**[Er. Gurtej Singh]**
**M/s Shrikhande Consultants Pvt. Ltd.**
**In Association with Global Engineers & Consultants**

Endst. No. **PTA-A-3425-TA-138-39** Date: **07.06.2022**

Copy of the above is forwarded to:-

1. General Manager (Project), PMIDC Chandigarh.
2. Chief Engineer, Municipal Corporation, Deptt. of Local Govt., Punjab.

D/A:- As above

**[Er. Gurtej Singh]**
**M/s Shrikhande Consultants Pvt. Ltd.**
**In Association with Global Engineers & Consultants**

**REPORT 01: Smart Led Street Lights and Centralized Control & Monitoring System on EPC Mode with Operation And of 5 Years in Municipal Corporation Jalandhar Under Smart City Mission.**

The work was inspected on 03.02.2022, 04.02.2022 & 26.05.2022, 27.05.2022 by a team of experts of this office. On going through the office record, the following facts are necessary to be accounted before submitting report:-

1. The work was allotted to the agency M/s. HPL Electric & Power Limited, Noida on dated 28.08.2020 for an agreement amount of Rs. 43,84,00,000/- within intended date of completion as 27.08.2021. The total cost works out to be Rs. 43.84 + 2.97 = 46.81 Crores.
2. The scope of work and BOQ of the work has been appended in the RFP.
3. The updated payment upto 8th R/Bill amounting to Rs. 23,24,02,395/- for Copax and 4,96,62,506/- totaling to Rs. 28,20,64,901/- has so far been paid to the agency for the work done as per data submitted by Jalandhar Smart City Limited.
4. During the process of bidding, pre-bid meeting was held on 16.12.2019, minutes of meeting were issued and are a part of the DNIT as corrigendum no. 2. (Annexure-I)
5. Corrigendum no. 3 was also issued during the process of bidding which is also a part of the bid. (Annexure-II)
6. Reverse bidding process was followed for this bidding under which the participants were asked to modify their bids after uploading on E-procurement.
7. Cost of IDC component were fixed as 2.97 crores as per record. (Annexure-III)

Shakhande Consultants Pvt. Ltd. In Association With Global Engineers & Consultants

8. Minimum billing was fixed for 10,000 LED lights as per clause GCC 41 (Page 294) of contract agreement.

9. The scope of work was revised by CLTC on 06.09.2021 from Rs. 46.36 crore to Rs. 53.29 crore for providing 9575 LED lights on 6.5 km stretch of bypass.

10. Additional scope of work was sanctioned for 10,000 LED lights for internal parts of the city costing Rs. 4.27 crore for Copax, 1.50 crore for IDC and 3.03 crore for O&M totaling 8.80 crore on dated 07.03.2022 by CLTC. Govt. of Punjab provided sanctioned to enhanced the project cost on 03.11.2021 upto 25% of the project cost for Rs. 57.92 crore.

11. Re-revised scope of work was approved for 10,000 LED lights but the Executing Agency was asked vide letter no. CEO/JSCL/2021-4239 dated 09.11.2021 to provide only 6,000 LED lights which is needs to be clarified. (Annexure-IV & V)

Shrikhande Consultants Pvt. Ltd. In Association With Global Engineers & Consultants

**[Authorized Signatory]**
**M/s Shrikhande Consultants Pvt. Ltd.**
In Association with **Global Engineers & Consultants**

**SCOPE OF WORK:**

1. Replacement of 65,027 existing street lights with energy efficient LED lights.
2. Installation of CCMS.
3. Infrastructure development work costing 2.97 crores.
4. O&M for 5 years after completion of the project.
5. During DPR revision, 11 villages got added to the MCJ boundary.
6. It was anticipated that by replacing sodium vapour lamps with energy efficient LED lights there will be a saving of 59.86% & the cost of the project will be recovered in about 3.64 years.
7. Quality of the lighting as well as safety and security will increase.
8. The project will be taken over by MCJ of the completion of O&M of 5 years.
9. The scope of the project was increase by 15% as per MOM dated 06.09.2021 on the basis of the joint survey by the team of JSCL, MCJ and HPL.
10. Addition of 9575 new points for providing LED lights on dark sports was added and approved by CLTC on 06.09.2021 and the contract price was increased.
11. The project cost was further revised by 25% of the contract price as per minutes of meeting held on dated 07.03.2022 with respect to Govt. of Punjab letter no. PMIDC/PM(P)/SCM/2021-22-10477 dated 03.11.2021 to add 10,000 more new points to cover the remaining dark sports and project cost revised to 57.92 crores.

Shrikhande Consultants Pvt. Ltd. In Association With Global Engineers & Consultants

**[Authorized Signatory]**
**M/s Shrikhande Consultants Pvt. Ltd.**
In Association with **Global Engineers & Consultants**

**Financial irregularities by JSCL in the work of Smart Led Street Lights and Centralized Control & Monitoring System on EPC Mode with Operation And of 5 Years in Municipal Corporation Jalandhar Under Smart City Mission.**

The Audit Team has gone through all the documents starting from e-procurement to upto date payment. The following financial irregular were noted from the documents placed before the Audit Team.

1. **Excess payment on account of GST Rs. 75,86,773/-** IDC

   It has been found that an amount of **Rs. 75,86,773/-** has been paid by JSCL as an excess payment to the agency HPL on account of 18% GST over and above the allotted rates for IDC components in Running bills as calculated in the table attached as per annexure-III. This amount needs to be recovered from the agency with 12% interest (as per "clause 49 Advance Payment") w.e.f date of payment upto date of recovery, which should be calculated by the JSCL authorities at their level, However as an example, interest for excess paid GST has been calculated upto 31.05.2022 and the amount comes out to be **Rs. 6,54,671/-** which should be deducted from the due payment of agency and credited to work. (Annexure-VI)

2. **Non deduction of retention money Rs. 1,36,59,715/-** Bh

   As per RFP clause GCC 46.1 page no. 154 for RFP, an amount of 5% of payment is to be deducted from payments and will be paid after completion certificate is issued by EIC. Total payment amounting to Rs **28,31,94,304/-** has been paid to the agency for which amount of retention money comes out to be Rs. **1,36,59,715/-** which needs to be deducted from the payment due of the agency along with 12% (as per "clause 49 Advance Payment") interest w.e.f date of payment upto date of recovery, which should be calculated by the JSCL authorities at their level, However as an example, Retention money has been calculated for each payment along with interest upto 31.05.2022 and the amount of interest comes out to be Rs. **12,13,232/-** which should be deducted from the payment due of the agency and credited to work. Amount of Retention money should remain with JSCL as security and will be refunded after completion of work coupled with other terms and conditions of contract agreement. (Annexure-VII)

Shrikhande Consultants Pvt. Ltd. Association With Global Engineers & Consultants

3. **Excess payment under IDC component**

On going through the office record it has been found that the cost of IDC component were fixed maximum upto 2.97 crores (as per proceeding of the minutes of meeting of SLTC held on dated 19.11.2019, Annexure-III) originally for allotment of work of 43.84 crores. Payment under this head payment has been paid to the agency till Mar-2022 for **Rs. 4,96,62,506/-** which needs clarification. Revised estimate needs to be framed in Annotated Performa showing each component under original provision and revised provision separately. (Annexure-III)

4. **Non submission of BG for Rs. 3,73,53,408/- as 16% of CAPEX amount**

As per clause GCC 41 and proceeding of the pre-bid meeting held on dated 16.12.2019 and issued under corrigendum no. 2 which is a part of the contract agreement, it was agreed to pay an amount for 66% of the amount under the CAPEX head against the provision of 50% in the RFP with the rider that the agency will submit additional BG for the balance 16% of the amount which will remain valid for the entire project period. Under this head an amount of **Rs. 23,34,58,797/-** has been paid till date for which BG has not been procured by the JSCL and is against the provision of the contract agreement. The cost of BG comes of **Rs. 3,73,53,408/-** upto 8th R/Bill which is required to be get deposited from the agency and interest @12% for this amount which comes out to be Rs. **33,90,822/-** should be deducted from the payment due of the agency and transfer as a credit to the work. This interest has been calculated as per table attached as an example upto 31.05.2022, JSCL authorities should calculate interest on their level upto date of recovery. (Annexure-VIII)

5. The work cost has been enhanced from 43.84 crores to 57.92 crores as per minutes of meeting held on dated 07.03.2022, Extra Bank Guarantee for this enhanced amount needs to be taken from the agency or otherwise should be deducted from the payment due for the work done.

6. As per minutes of meeting on dated 07.03.2022 the completion date has been extended upto 31.03.2022, which also has been expired but no document for extension in time period has been put on record with Audit Team.

7. Liquidated Damages on account of not completing the work within the stipulated period as well as extended period needs to be initiated against agency under the provision of the contract agreement.

8. Validity of the Original BG needs to be extended upto extended completion date + DLP + 60 days as per terms & conditions of the contract agreement.

[Authorized Signatory]
**M/s Shrikhande Consultants Pvt. Ltd.**
In Association with **Global Engineers & Consultants**

**TECHNICAL OBSERVATION: Following are technical observation which needs to be attended from the agency executive the work:**

1. CC MS Panels have not been earthed.
2. Armouring of 16/10 $mm^2$ 4 core cables have not been done.
3. Only 18 watt/ 35 watt LED lights have been installed on brackets fitted with one clamp against the provision of two clamps in the BOQ. Authorities concerned are advised that all the brackets should be fitted with two clamps unless suitable deduction on this account should be made from the payment of the agency.
4. Some lights have been connected with main cable by PVC cable having more than one joint which should be replaced by providing only one joint cable.
5. All CCMS/ Armoured cables have been energized without earthing which is against the Rule no. 61 of Indian Electricity rules 1956 amended upto date.
6. The provision street lights along Jamsher bypass were checked and following discrepancies were noted:
   i. Insulation of single core cable connecting junction box and LED lights fitting found cut at some point due to sharp edges of holes made in the poles (pics attached). The defective cable should be replaced and sharp edges of the holes should be smoothened.
   ii. Work of Installation of LED lights on poles is lying suspended due to non availability of electricity connection for street lights. Matter should be taken up with PSPCL authorities to release connection.

Shrikhande Consultants Pvt. Ltd. In Association With Global Engineers & Consultants

**[Authorized Signatory]**
**M/s Shrikhande Consultants Pvt. Ltd.**
In Association with **Global Engineers & Consultants**

# PHOTOGRAPHS



Cable armour n ot earthed



CCMS panel has not been earthed




Cable armour not earhted



LED wire has two joints